# ਸਨੀ ਹਿੱਲ ਹੈਲਥ ਸੈਂਟਰ ਬਾਰੇ ਆਮ ਪੁੱਛੇ ਜਾਂਦੇ ਪ੍ਰਸ਼ਨ

Frequently Asked Questions About Sunny Hill Health Centre

## ਆਊਟਪੇਸ਼ੈਂਟ (ਬਾਹਰਲੇ) ਤੇ ਇਨਪੇਸ਼ੈਂਟ (ਅੰਦਰਲੇ ਮਰੀਜ਼ਾਂ) ਵਿਚ ਕੀ ਫਰਕ ਹੈ?

ਜੇ ਤੁਹਾਡਾ ਬੱਚਾ ਸਨੀ ਹਿੱਲ ਹਸਪਤਾਲ ਵਿਚ ਆਊਟਪੇਸ਼ੈਂਟ (ਬਾਹਰਲਾ ਮਰੀਜ਼) ਹੈ ਤਾਂ ਉਸਨੂੰ ਹਸਪਤਾਲ ਵਿਚ ਰਾਤ ਰਹਿਣ ਦੀ ਲੋੜ ਨਹੀਂ। ਉਹ ਬੱਚੇ (ਬਾਹਰਲੇ) ਹਸਪਤਾਲ ਦੇ ਨਿਯਮਤ (ਰੈਗੂਲਅਰ) ਘੰਟਿਆਂ ਵਿਚ ਦੇਖੇ ਜਾਣਗੇ ਤੇ ਦਿਨ ਮੁਕਣ ਤੇ ਘਰ ਜਾ ਸਕਣਗੇ। ਇਨਪੇਸ਼ੈਂਟ (ਅੰਦਰਲੇ ਮਰੀਜ਼) ਸਨੀ ਹਿੱਲ ਹਸਪਤਾਲ ਵਿਚ ਘਟੋ ਘਟ ਇਕ ਰਾਤ ਰਹਿਣਗੇ।

## ਆਊਟਰੀਚ ਕੀ ਹੈ?

ਕਮਿਊਨਿਟੀ ਜਾਂ ਪਰਿਵਾਰ ਦੇ ਵਿਸ਼ੇਸ਼ ਸਰੋਕਾਰਾਂ ਦੇ ਸਨਮੁਖ ਹੋਣ ਦਾ ਸ਼ਾਇਦ ਸਭ ਤੋਂ ਵਧੀਆ ਢੰਗ ਇਹ ਹੈ ਕਿ ਸਾਡੀ ਟੀਮ ਬੱਚਿਆਂ ਨੂੰ ਉਨ੍ਹਾਂ ਦੇ ਸਕੂਲ, ਘਰ ਜਾਂ ਕਮਿਊਨਿਟੀ ਵਿਚ ਮਿਲ ਸਕੇ। ਉਹ ਉਦੋਂ ਹੀ ਮਿਲ ਸਕਦੀ ਹੈ ਜਦੋਂ ਤੁਹਾਡੇ ਬੱਚੇ ਦਾ ਹਵਾਲਾ ਦਿਤਾ (ਰੈਫਰ ਕੀਤਾ) ਗਿਆ ਹੋਵੇ।

## ਹਸਪਤਾਲ ਆਉਣੋ ਪਹਿਲਾਂ ਕਿਹੜੇ ਟੈਸਟ ਜਾਂ ਮੁੱਲਾਂਕਣ ਪੂਰੇ ਕਰਨ ਦੀ ਲੋੜ ਹੈ?

ਇਨ੍ਹਾਂ ਬਾਰੇ, ਨਿਰਖ ਪਰਖ (triage) ਵਾਲੀ ਟੀਮ ਤੋਂ ਜਾਂ ਉਸ ਟੀਮ ਤੋਂ ਪਤਾ ਕਰੋ ਜਿਸ ਨੇ ਤੁਹਾਡੇ ਨਾਲ ਕੰਮ ਕਰਨਾ ਹੈ। ਉਹ ਤੁਹਾਨੂੰ ਉਨ੍ਹਾਂ ਟੈਸਟਾਂ ਜਾਂ ਮੁਲਾਂਕਣਾਂ ਬਾਰੇ ਦੱਸਣਗੇ ਜਿਨ੍ਹਾਂ ਨੂੰ (ਹਸਪਤਾਲ) ਆਉਣ ਤੋਂ ਪਹਿਲਾਂ ਪੂਰਾ ਕਰਨ ਦੀ ਲੋੜ ਹੈ।

## ਮੈਂ ਆਪਣੇ ਬੱਚੇ ਨੂੰ ਸਨੀ ਹਿੱਲ ਵਿਚ ਕਿਵੇਂ ਰੈਫਰ ਕਰਾਵਾਂ?

ਤੁਹਾਨੂੰ ਆਪਣੇ ਬੱਚਿਆਂ ਦੇ ਡਾਕਟਰ ਜਾਂ ਹੋਰ ਸਪੈਸ਼ਲਿਸਟ ਤੋਂ ਲਿਖਤੀ ਰੈਫੱਰਲ ਲੈਣ ਦੀ ਲੋੜ ਹੈ। ਰੈਫੱਰਲ ਫਾਰਮ ਸਾਡੇ ਵੈਬ ਸਾਈਟ ਤੇ ਮਿਲ ਸਕਦੇ ਹਨ ਜਾਂ ਟਰੀਆਯ ਦਫਤਰ ਨਾਲ ਹੇਠ ਲਿਖੇ ਫ਼ੋਨ ਤੇ ਸੰਪਰਕ ਕਰ :

ਫ਼ੋਨ: (604) 453-8320<br>
ਫ਼ੈਕਸ: (604) 453-8321

ਰੈਫਰੱਲ ਮਿਲਣ ਪਿਛੋਂ ਅਸੀਂ ਤੁਹਾਡੇ ਨਾਲ ਅਤੇ ਤੁਹਾਡੇ ਬੱਚਿਆਂ ਦੇ ਡਾਕਟਰ ਨਾਲ ਤੇ ਹੋਰ ਕਮਿਊਨਿਟੀ ਮੈਂਬਰਾਂ ਨਾਲ ਰਲ ਕੇ ਇਹ ਫੈਸਲਾ ਕਰਾਂਗੇ ਕਿ ਤੁਹਾਡੇ ਬੱਚੇ ਦੀ ਦੀਆਂ ਸੰਭਾਲ ਸੇਵਾਵਾਂ ਵਿਚ ਸਨੀ ਹਿੱਲ ਕਿਹੜੇ ਸਭ ਤੋਂ ਵਧੀਆ ਤਰੀਕੇ ਨਾਲ ਸ਼ਾਮਲ ਹੋ ਸਕਦਾ ਹੈ। ਅਸੀਂ ਇਹ ਵੀ ਨਿਸ਼ਚਿਤ ਕਰਾਂਗੇ ਕਿ ਇਹ ਸੇਵਾਵਾਂ ਪਰਦਾਨ ਕਰਨ ਲਈ ਕਿਹੜੀ ਸਭ ਤੋਂ ਵਧੀਆਂ ਥਾਂ ਹੈ –ਤੁਹਾਡੀ ਕਮਿਊਨਿਟੀ ਵਿਚ ਹੈ ਜਾਂ ਸਨੀ ਹਿਲ ਵਿਚ ਆਊਟਪੇਸ਼ੈਂਟ ਜਾਂ ਇਨਪੇਸ਼ੈਂਟ ਦੇ ਰੂਪ ਵਿਚ।

## ਮੈਂ ਸੇਵਾਵਾਂ ਲਈ ਕਿੰਨੀ ਦੇਰ ਦੀ ਉਡੀਕ ਰਖਾਂ?

ਸੇਵਾਵਾਂ ਲਈ ਤੁਹਾਨੂੰ ਕਿੰਨੀ ਦੇਰ ਉਡੀਕ ਕਰਨੀ ਪਵੇਗੀ ਇਹ ਤੁਹਾਡੇ ਬੱਚੇ ਦੀਆਂ ਜ਼ਰੂਰਤਾਂ ਤੇ ਨਿਰਭਰ ਕਰਦੀ ਹੈ। ਹਰ ਟੀਮ ਕਈ ਗੱਲਾਂ ਵਿਚਾਰਦੀ ਹੈ ਜਿਹੜੀਆਂ ਵੇਟਿੰਗ ਲਿਸਟ ਤੇ ਅਸਰ ਪਾਉਂਦੀਆਂ ਹਨ ਜਿਵੇਂ ਕਿ ਉਮਰ, ਸਿਹਤ ਨੂੰ ਖ਼ਤਰਾ। ਅੱਗੋਂ ਇਹ ਫੌਰੀ ਲੋੜ ਤੇ ਸੇਵਾਵਾਂ ਵਿਚ ਪਹਿਲ ਨੂੰ ਨਿਸਚਿਤ ਕਰਦੇ ਹਨ। ਵੇਟ ਲਿਸਟ ਨੂੰ ਛੇਤੀ ਤੋਂ ਛੇਤੀ ਨਿਪਟਾਉਣ ਲਈ ਹਰ ਕੋਸ਼ਸ਼ ਕੀਤੀ ਜਾਂਦੀ ਹੈ।

## ਸਾਡੇ ਨਾਲ ਸੰਪਰਕ ਕਿਵੇਂ ਕੀਤਾ ਜਾਵੇ?

**Sunny Hill Health Centre For Children**
3644 Slocan Street, Vancouver, BC  V5M 3E8
ਫ਼ੋਨ: (604) 453-8300
ਫ਼ੈਕਸ: (604) 453-8301
**www.bcchildrens.ca**

*Promoting Better Health for Children with Disabilities through Clinical Services, Education and Research*

© Rev. Ed. Aug 2007 BC Children's Hospital, an Agency of the Provincial Health Services Authority
BCCH463P (Punjabi)

## ਸਨੀ ਹਿੱਲ ਕੀ ਹੈ?

ਸਨੀ ਹਿੱਲ ਹੈਲਥ ਸੈਂਟਰ ਫਾਰ ਚਿਲਡਰਨ ਅਯੋਗਤਾ ਵਾਲੇ ਬਚਿਆਂ ਤੇ ਯੁਵਕਾਂ ਲਈ ਮੁੜ-ਵਸੇਬੇ (ਰੀਹੈਬਲੀਟੇਸ਼ਨ) ਦਾ ਕੇਂਦਰ ਹੈ। ਵੈਨਕੂਵਰ ਦਾ ਸਨੀ ਹਿੱਲ ਬੱਚਿਆਂ ਤੇ ਯੁਵਕਾਂ ਨੂੰ ਸਾਰੇ ਬ੍ਰਿਟਿਸ਼ ਕੋਲੰਬੀਆ ਵਿਚ ਵਿਸ਼ੇਸ਼ ਸਿਹਤ ਸੇਵਾਵਾਂ ਪਰਦਾਨ ਕਰਦਾ ਹੈ।

## ਮੈਂ ਸੁਣਿਆ ਹੈ, ਸਨੀ ਹਿੱਲ ਨੂੰ "ਤੀਜੇ ਦਰਜੇ ਦਾ ਰੈੱਫਰਲ ਕੇਂਦਰ" ਕਿਹਾ ਜਾਂਦਾ ਹੈ, ਉਹ ਕੀ ਹੈ?

ਸਨੀ ਹਿੱਲ "ਤੀਜੇ ਦਰਜੇ ਦਾ ਰੈੱਫਰਲ ਕੇਂਦਰ (ਟੈਰਸ਼ੀਐਰੀ ਰੈਫੱਰਲ ਸੈਂਟਰ)" ਹੈ ਕਿਉਂਕਿ ਸਾਡਾ ਕੰਮ ਤੁਹਾਡੀ ਕਮਿਊਨਿਟੀ ਵਿਚ ਦਿੱਤੀਆਂ ਜਾਂਦੀਆਂ ਸਿਹਤ ਸੰਭਾਲ ਦੀਆ ਉਨ੍ਹਾਂ ਸੇਵਾਵਾਂ ਨੂੰ ਹੀ ਅੱਗੋਂ ਪਰਦਾਨ (ਕੰਪਲੀਮੈਂਟ) ਕਰਨਾ ਹੈ ਜਿਨ੍ਹਾਂ ਨੂੰ ਪਹਿਲੇ ਅਤੇ ਦੂਜੇ ਦਰਜੇ ਦੇ ਕੇਂਦਰ ਪਰਦਾਨ ਕਰਦੇ ਹਨ।

## ਸਨੀ ਹਿੱਲ ਅਤੇ ਬੀ.ਸੀ. ਚਿਲਡਰਨ'ਜ਼ ਹਾਸਪੀਟਲ, ਅਤੇ ਵਿਮਨ'ਜ਼ ਹਾਸਪੀਟਲ, ਇਕੱਠੇ ਕਿਵੇਂ ਕੰਮ ਕਰਦੇ ਹਨ?

ਸਾਲ 1997 ਵਿਚ ਸਨੀ ਹਿੱਲ, ਬੀ.ਸੀ. ਚਿਲਡਰਨ'ਜ਼ ਹਾਸਪੀਟਲ, ਬੀ.ਸੀ. ਵਿਮਨ'ਜ਼ ਹਾਸਪੀਟਲ ਅਤੇ ਵਿਮਨ'ਜ਼ ਹੈਲਥ ਸੈਂਟਰ ਨਾਲ ਮਿਲ ਕੇ ਚਿਲਡਰਨ'ਜ਼ ਐਂਡ ਵਿਮਨ'ਜ਼ ਹੈਲਥ ਸੈਂਟਰ ਔਫ ਬੀ.ਸੀ. ਬਣ ਗਿਆ ਸੀ। ਸਨੀ ਹਿੱਲ, ਚਿਲਡਰਨ'ਜ਼ ਐਂਡ ਵਿਮਨ'ਜ਼ ਹਾਸਪੀਟਲ ਨਾਲੋਂ ਵੱਖਰੀ ਥਾਂ ਤੇ ਸਥਿਤ ਹੈ ਪਰ ਸੋਮੇ (ਰੀਸੋਰਸਜ਼) ਤੇ ਜਾਣਕਾਰੀ ਨੂੰ ਦੋਵੇਂ ਥਾਵਾਂ ਇਕ ਦੂਜੀ ਨਾਲ ਸਾਂਝਾ ਕਰਦੀਆਂ ਹਨ।

## ਸਨੀ ਹਿੱਲ ਰਾਹੀਂ ਕਿਸਨੂੰ ਸਹਾਇਤਾ ਮਿਲਦੀ ਹੈ?

ਸਨੀ ਹਿੱਲ ਬੱਚਿਆਂ ਅਤੇ ਯੁਵਕਾਂ ਨੂੰ ਜਨਮ ਤੋਂ ਲੈਕੇ 19ਵੇਂ ਸਾਲ ਤਕ ਸਹਾਇਤਾ ਦਿੰਦਾ ਹੈ ਜਿੰਨਾਂ ਵਿਚ:

- ਗੁੰਝਲਦਾਰ ਵਿਕਾਸ ਲਈ ਲੋੜਾਂ ਸ਼ਾਮਲ ਹਨ। ਇਨਾਂ ਲੋੜਾਂ ਵਾਲੇ ਬੱਚਿਆਂ ਵਿਚ ਬੋਲੀ ਦੀਆਂ, ਸੋਚਣ ਸ਼ਕਤੀ ਦੀਆਂ, ਕੌਗਨੀਟਿਵ (ਸੰਗਿਆਨਕ) ਅਤੇ ਮੋਟਰ (ਗਤੀ) ਯੋਗਤਾ ਦੀਆਂ ਮੁਸ਼ਕਲਾਂ ਹੋ ਸਕਦੀਆਂ ਹਨ। ਉਨ੍ਹਾਂ ਵਿਚ ਗਿਆਨ ਇੰਦਰੀਆਂ ਦੀਆਂ ਅਤੇ ਸਮਾਜਕ ਅਤੇ/ਜਾਂ ਭਾਵਕ ਵਿਕਾਸ ਦੀਆਂ ਮੁਸ਼ਕਲਾਂ ਵੀ ਹੋ ਸਕਦੀਆਂ ਹਨ।
- ਉਹ ਹਾਲਤਾਂ ਜਿਹੜੀਆਂ ਬੁਨਿਆਦੀ ਤੌਰ ਤੇ ਸਰੀਰਕ ਜਾਂ ਮੋਟਰ ਵਿਕਾਸ ਤੇ ਅਸਰ ਪਾਉਂਦੀਆਂ ਹਨ ਜਿੰਨਾਂ ਵਿਚ ਸੈਰੀਬਰਲ ਪੇਲਜ਼ੀ (ਬੇਕਾਬੂ ਕਾਂਬਾ), ਬੱਚੇ ਜਿਹੜੇ ਬੋਲ ਨਹੀ ਸਕਦੇ, ਬੱਚੇ ਜਿੰਨ੍ਹਾਂ ਨੂੰ ਹਲਕ ਵਿਚੋਂ ਚੀਜ਼ਾਂ ਲੰਘਾਉਣੀਆਂ ਮੁਸ਼ਕਿਲ ਹਨ, ਬੱਚੇ ਜਿੰਨ੍ਹਾਂ ਨੂੰ ਤੁਰਨ ਫਿਰਨ ਹਿੱਲਣ ਜੁੱਲਣ ਵਿਚ ਸਹਾਇਤਾ ਦੀ ਲੋੜ ਹੁੰਦੀ ਹੈ, ਨਜ਼ਰ ਵਿਚ ਨੁਕਸ ਵਾਲੇ ਬੱਚੇ ਜਾਂ ਉਹ ਬੱਚੇ ਜਿਨ੍ਹਾਂ ਨੂੰ ਅਡੈਪਟਿਵ ਮਨਪਰਚਾਵੇ ਦੀ ਲੋੜ ਹੁੰਦੀ ਹੈ।
- ਸ਼ਨਾਖ਼ਤ ਕੀਤੀਆਂ ਹੋਈਆਂ ਇਨਪੇਸ਼ੈਂਟ ਜਰੂਰਤਾਂ, ਜਿਵੇਂ ਆਪਰੇਸ਼ਨ ਪਿਛੋਂ ਔਰਥਪੀਡਕ (ਜਿਸਮਾਨੀ ਨੁਕਸਾਂ ਸੰਬੰਧੀ) ਲੋੜਾਂ, ਅਤੇ ਗੰਭੀਰ ਦਿਮਾਗੀ ਸੱਟ ਲਈ ਮੁੜ-ਵਸੇਬਾ (ਰੀਹੈਬਲੀਟੇਸ਼ਨ)।

## ਸਨੀ ਹਿੱਲ ਵਿਚ ਕਿਹੜੀਆਂ ਕਿਹੜੀਆਂ ਟੀਮਾਂ ਹਨ?

ਸਨੀ ਹਿੱਲ ਬਚਿਆਂ ਅਤੇ ਯੁਵਕਾਂ ਦੇ ਵਿਸ਼ੇਸ਼ ਕਿਸਮ ਦੇ ਫਿਕਰਾਂ (ਸਰੋਕਾਰਾਂ) ਨੂੰ ਬਹੁ ਅਨੁਸ਼ਾਸਨੀ (ਮਲਟੀ-ਡਸਿਪਲਨਰੀ), ਕਈ ਤਰ੍ਹਾਂ ਦੇ ਪਿਛੋਕੜਾਂ ਵਾਲੇ ਮਾਹਰਾਂ ਦੀਆਂ ਟੀਮਾਂ ਰਾਹੀਂ ਨਜਿੱਠਦਾ ਹੈ।

- ਸਨੀ ਹਿੱਲ ਦੀਆਂ ਵਿਸ਼ੇਸ਼ ਸੇਵਾਵਾਂ ਵਿਚ ਸ਼ਾਮਲ ਹਨ:-
- ਸਹਾਇਕ (ਅਸਿਸਟਵ) ਤਕਨਾਲੋਜੀ ਟੀਮ
- ਦਿਮਾਗੀ ਸੱਟ ਦੀ ਟੀਮ
- ਖਵਾਉਣ ਵਾਲੀ (ਫੀਡਿੰਗ) ਟੀਮ
- ਬੋਲੇਪਣ ਦੀ ਟੀਮ
- ਪੁਜ਼ੀਸ਼ਨਿੰਗ ਤੇ ਮੋਬਿੱਲਟੀ ਟੀਮ
- ਸੂਬੇ ਦਾ ਔਟਿਜ਼ਮ ਰੀਸੋਰਸ ਸੈਂਟਰ
- ਮਨਪਰਚਾਵਾ/ਤੈਰਾਕੀ ਸਬੰਧੀ ਸਲਾਹ
- ਸ਼ਰਾਈਨਰਜ਼ ਗੇਟ ਲੈਬ
- ਗੁੰਝਲਦਾਰ ਵਿਕਾਸ ਤੋਂ ਉਪਜੀਆਂ ਵਰਤਾਓ ਦੀਆਂ ਮੁਸ਼ਕਲਾਂ (ਸੀ.ਡੀ.ਬੀ.ਸੀ.)
- ਟੋਨ ਮੈਨਜਮੈਂਟ ਕਲਿਨਿਕ
- ਨਿਗ੍ਹਾ-ਵਿਚ-ਨੁਕਸ ਦੇ ਪ੍ਰੋਗਰਾਮ

## ਇਨ੍ਹਾਂ ਟੀਮਾਂ ਵਿਚ ਕੌਣ ਹੈ?

ਟੀਮਾਂ ਵਿਸ਼ੇਸ਼ ਖੇਤਰਾਂ ਵਿਚ ਹੁਨਰ ਰੱਖਣ ਵਾਲੇ ਮਾਹਰਾਂ ਦੀਆਂ ਬਣੀਆਂ ਹੋਈਆਂ ਹਨ, ਜਿਹੜੇ ਤੁਹਾਡੇ ਬੱਚੇ ਦੀ ਸੰਭਾਲ (ਕੇਅਰ) ਦੇ ਭਿੰਨ ਭਿੰਨ ਪੱਖਾਂ ਤੇ ਧਿਆਨ ਲਾਉਂਦੇ ਹਨ। ਲੋੜਾਂ ਅਨੁਸਾਰ ਤੁਹਾਡੇ ਬੱਚੇ ਦੀ ਟੀਮ ਵਿਚ ਹੇਠ ਲਿਖੇ ਮਾਹਰ ਸ਼ਾਮਲ ਹੋ ਸਕਦੇ ਹਨ: ਵਿਕਾਸਮਈ ਬਚਿਆਂ ਦੇ ਡਾਕਟਰ(ਪੀਡਿਆਟ੍ਰਿਸ਼ਨ), ਆਕੂਪੇਸ਼ਨਲ ਥੈਰਪਿਸਟ, ਸੋਸ਼ਲ ਵਰਕਰ, ਨਰਸਾਂ, ਬੋਲਚਾਲ ਵਿਚ ਨੁਕਸਾਂ ਦੇ ਮਾਹਰ ਡਾਕਟਰ, ਤੇ ਮਨੋਵਿਗਿਆਨੀ। ਟੀਮ ਵਿਚ ਹੋਰ ਮੈਂਬਰ ਜਿਵੇਂ ਖ਼ੁਰਾਕ-ਮਾਹਰ(ਡਾਇਟੀਸ਼ਨ) ਅਤੇ ਮਨੋਰੰਜਨ/ਤੈਰਾਕੀ ਥੈਰਪਿਸਟ ਆਦਿ ਵੀ ਸ਼ਾਮਿਲ ਕੀਤੇ ਜਾ ਸਕਦੇ ਹਨ।

## ਇਹ ਟੀਮਾਂ ਕਿਹੜੀਆਂ ਕਿਹੜੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ?

ਇਹ ਟੀਮਾਂ ਮੁਲਾਂਕਣ (ਅਸੈੱਸਮੈਂਟ) ਸੇਵਾਵਾਂ ਪਰਦਾਨ ਕਰਦੀਆਂ ਹਨ, ਤੁਹਾਡੇ ਬੱਚੇ ਦੀ ਸੰਭਾਲ ਲਈ ਸਿਫਾਰਸ਼ਾਂ ਤਿਆਰ ਕਰਦੀਆਂ ਅਤੇ ਇਨ੍ਹਾਂ ਸਿਫਾਰਸ਼ਾਂ ਨੂੰ ਲਾਗੂ ਕਰਨ ਵਿਚ ਤੁਹਾਡੀ ਅਤੇ ਕਮਿਊਨਿਟੀ ਦੇ ਸੇਵਾਵਾਂ ਪਰਦਾਨ ਕਰਨ ਵਾਲਿਆਂ ਦੀ ਸਹਾਇਤਾ ਕਰਦੀਆਂ ਹਨ। ਹਰ ਟੀਮ ਆਪਣੀ ਆਪਣੀ ਵਿਸ਼ੇਸ਼ਤਾ ਦੇ ਖੇਤਰ ਨਾਲ ਸਬੰਧਿਤ ਸੇਵਾਵਾਂ ਵੀ ਪਰਦਾਨ ਕਰਦੀ ਹੈ।